ਪਿਆਰੇ ਮਾਪੇ/ਸਰਪ੍ਰਸਤ,

ਟੋਰੰਟੋ ਡਿਸਟ੍ਰਿਕਟ ਸਕੂਲ ਬੋਰਡ ਨੇ ਸਕੂਲ ਕੈਸ਼ ਔਨਲਾਈਨ ਦਾ ਆਗਾਜ਼ ਕੀਤਾ ਹੈ, ਜੋ ਮਾਪਿਆਂ ਲਈ ਆਪਣੇ ਬੱਚਿਆਂ ਦੀਆਂ ਸਕੂਲ ਫੀਸਾਂ ਦਾ ਭੁਗਤਾਨ ਕਰਨ ਵਾਸਤੇ ਇੱਕ ਵਰਤੋਂ ਵਿੱਚ ਆਸਾਨ, ਸੁਰੱਖਿਅਤ ਅਤੇ ਸੌਖਾ ਤਰੀਕਾ ਹੈ, ਜਿਸ ਵਿੱਚ ਏਜੰਡੇ, ਈਅਰਬੁੱਕਸ ਅਤੇ ਕਲਾਸ ਟ੍ਰਿੱਪ ਵੀ ਸ਼ਾਮਲ ਹਨ। ਸਕੂਲ ਕੈਸ਼ ਔਨਲਾਈਨ [insert date] ਵਾਲੇ ਹਫਤੇ ਤੋਂ ਸ਼ੁਰੂ ਕਰਕੇ ਸਾਡੇ ਸਕੂਲ ਲਈ ਉਪਲਬਧ ਹੋਵੇਗਾ।

ਤੁਹਾਡੇ ਬੱਚੇ ਲਈ ਲਾਗੂ ਹੋਣ ਵਾਲੀਆਂ ਸਾਰੀਆਂ ਸਕੂਲੀ ਫੀਸਾਂ ਨੂੰ ਸਕੂਲ ਕੈਸ਼ ਔਨਲਾਈਨ ’ਤੇ ਪੋਸਟ ਕੀਤਾ ਜਾਵੇਗਾ। ਇੱਕ ਵਾਰ ਜਦ ਤੁਸੀਂ ਪੰਜੀਕਰਨ ਕਰ ਲੈਂਦੇ ਹੋ, ਤਾਂ ਤੁਸੀਂ ਇੱਕ ਡੈਬਿਟ ਜਾਂ ਕਰੈਡਿਟ ਕਾਰਡ ਦੀ ਵਰਤੋਂ ਕਰਕੇ ਆਈਟਮਾਂ ਜਾਂ ਕਿਰਿਆਵਾਂ ਨੂੰ ਖਰੀਦਣ ਦੀ ਚੋਣ ਕਰ ਸਕਦੇ ਹੋ। ਜਦ ਸਕੂਲ ਖਰੀਦਣ ਵਾਸਤੇ ਕਿਸੇ ਨਵੀਂ ਆਈਟਮ ਨੂੰ ਔਨਲਾਈਨ ਪੋਸਟ ਕਰਦਾ ਹੈ ਤਾਂ ਤੁਸੀਂ ਇਸਨੂੰ ਦੇਖਣ ਦੇ ਯੋਗ ਹੋਵੋਂਗੇ ਅਤੇ ਤੁਹਾਡੇ ਕੋਲ ਉਸ ਸਮੇਂ ਸੂਚਿਤ ਕੀਤੇ ਜਾਣ ਦਾ ਵਿਕਲਪ ਵੀ ਹੋਵੇਗਾ ਜਦ ਤੁਹਾਡੇ ਬੱਚੇ ਵਾਸਤੇ ਸਕੂਲ ਵਿੱਚ ਕੋਈ ਨਵਾਂ ਸਮਾਗਮ ਆਉਂਦਾ ਹੈ ਜਿਸ ਵਾਸਤੇ ਭੁਗਤਾਨ ਕੀਤੇ ਜਾਣ ਦੀ ਲੋੜ ਹੈ।

**ਪੰਜੀਕਰਨ [insert date] ਵਾਲੇ ਹਫਤੇ ਨੂੰ ਖੁੱਲ੍ਹੇਗਾ।** ਸਕੂਲ ਕੈਸ਼ ਔਨਲਾਈਨ ਵਾਸਤੇ ਪੰਜੀਕਰਨ ਕਰਨ ਲਈ https://tdsb.schoolcashonline.com ’ਤੇ ਜਾਓ, “Get Started Today” ਦੀ ਚੋਣ ਕਰੋ ਅਤੇ ਪੰਜੀਕਰਨ ਦੇ ਤਿੰਨ ਪੜਾਵਾਂ ਨੂੰ ਪੂਰਾ ਕਰੋ। ਪੰਜੀਕਰਨ ਦੀ ਪ੍ਰਕਿਰਿਆ ਬਾਰੇ ਹੋਰ ਜਾਣਕਾਰੀ ਵਾਸਤੇ, ਕਿਰਪਾ ਕਰਕੇ ਇਸ ਪੱਤਰ ਦੇ ਨਾਲ ਨੱਥੀ ਕੀਤਾ ਹੈਂਡ-ਆਊਟ ਦੇਖੋ। ਇੱਕ ਵਾਰ ਪੰਜੀਕਰਨ ਕਰਨ ’ਤੇ, ਤੁਹਾਨੂੰ ਉਸ ਸਮੇਂ ਈਮੇਲ ਅਧਿਸੂਚਨਾ ਪ੍ਰਾਪਤ ਹੋਵੇਗੀ ਜਦ ਆਈਟਮਾਂ ਔਨਲਾਈਨ ਉਪਲਬਧ ਹੋ ਜਾਂਦੀਆਂ ਹਨ।

ਜੇ ਪੰਜੀਕਰਨ ਦੀ ਪ੍ਰਕਿਰਿਆ ਬਾਰੇ ਜਾਂ ਸਕੂਲ ਕੈਸ਼ ਔਨਲਾਈਨ ਬਾਰੇ ਤੁਹਾਡੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ ਸਕੂਲ ਕੈਸ਼ ਔਨਲਾਈਨ ਵੈੱਬ ਪੰਨੇ ਦੇ ਸਿਖਰ ’ਤੇ ਦਿੱਤੇ “Get Help” ਵਿਕਲਪ ਨੂੰ ਚੁਣੋ। ਤੁਸੀਂ ਸਕੂਲ ਕੈਸ਼ ਔਨਲਾਈਨ ਦੇ ਪੇਰੈਂਟ ਹੈਲਪ ਡੈਸਕ ਨੂੰ 1-866-961-1803 ’ਤੇ ਅਤੇ parenthelp@schoolcashonline.com ’ਤੇ ਵੀ ਸੰਪਰਕ ਕਰ ਸਕਦੇ ਹੋ। ਪੇਰੈਂਟ ਹੈਲਪ ਡੈਸਕ ਮਾਪਿਆਂ/ਸਰਪ੍ਰਸਤਾਂ ਨੂੰ ਪੰਜੀਕਰਨ ਦੀ ਪ੍ਰਕਿਰਿਆ, ਪਾਸਵਰਡ ਰਿਕਵਰੀ, ਤੁਹਾਡੇ ਖਾਤੇ ਤੱਕ ਪਹੁੰਚ ਕਰਨ ਜਾਂ ਭੁਗਤਾਨ ਸਬੰਧੀ ਮਾਮਲਿਆਂ ਵਿੱਚ ਸਹਾਇਤਾ ਕਰਨ ਵਾਸਤੇ ਹੈ।

ਤਹਿ ਦਿਲੋਂ,

[Principal’s name]